# ਕੈਨੇਡਾ ਵਾਸੀਆਂ ਲਈ ਸੁਰੱਖਿਅਤ ਭੋਜਨ ਅਧਿਨਿਯਮ
# (Safe Food for Canadians Regulations - SFCR)

## ਡਿਵੀਜ਼ਨ 2 – ਤਾਜ਼ੇ ਫਲਾਂ ਅਤੇ ਸਬਜ਼ੀਆਂ ਦਾ ਵਪਾਰ

### ਭੋਜਨ ਅਤੇ ਸਬਜ਼ੀ ਸੰਬੰਧੀ ਵਿਵਾਦ ਨਿਪਟਾਰਾ ਕਾਰਪੋਰੇਸ਼ਨ

**(Fruit and Vegetable Dispute Resolution Corporation)**

### ਵਿੱਚ ਮੈਂਬਰਸ਼ਿਪ ਲਈ ਨਿਯਾਮਕ ਲੋੜ

22 ਨਵੰਬਰ 2012 ਨੂੰ, *ਕੈਨੇਡਾ ਵਾਸੀਆਂ ਲਈ ਸੁਰੱਖਿਅਤ ਭੋਜਨ ਕਾਨੂੰਨ* (SFCA) ਨੂੰ ਰੋਇਲ ਪ੍ਰਵਾਨਗੀ ਮਿਲ ਗਈ। 21 ਜਨਵਰੀ 2017 ਨੂੰ, ਪ੍ਰਸਤਾਵਿਤ *ਕੈਨੇਡਾ ਵਾਸੀਆਂ ਲਈ ਸੁਰੱਖਿਅਤ ਭੋਜਨ ਅਧਿਨਿਯਮ* (SFCR) *ਕੈਨੇਡਾ ਗਜ਼ਟ* (Canada Gazette), ਭਾਗ I ਵਿਚ ਪ੍ਰਕਾਸ਼ਿਤ ਕੀਤੇ ਗਏ ਸਨ ਅਤੇ ਇਹਨਾਂ ਦੇ 2018 ਦੇ ਮੱਧ ਤੱਕ ਲਾਗੂ ਹੋ ਜਾਣ ਦੀ ਉਮੀਦ ਹੈ।

ਹਾਲਾਂਕਿ ਪ੍ਰਸਤਾਵਿਤ ਅਧਿਨਿਯਮਾਂ ਵਿੱਚ ਸ਼ਾਮਲ ਜ਼ਿਆਦਾਤਰ ਵੇਰਵੇ ਭੋਜਨ ਦੀ ਸੁਰੱਖਿਆ ਅਤੇ ਪਤਾ ਲਗਾਉਣ ਦੀ ਯੋਗਤਾ (ਟ੍ਰੇਸੇਬਿਲਿਟੀ) ਨਾਲ ਸੰਬੰਧਿਤ ਹਨ, ਮਹੱਤਵਪੂਰਨ **ਵਪਾਰ ਅਤੇ ਵਣਜ ਲੋੜਾਂ ਵੀ ਹਨ ਜੋ ਖਾਸ ਤੌਰ 'ਤੇ ਤਾਜ਼ੇ ਫਲਾਂ ਅਤੇ ਸਬਜ਼ੀਆਂ ਦੇ ਖਰੀਦਦਾਰਾਂ ਅਤੇ ਵਿਕ੍ਰੇਤਾਵਾਂ ਨਾਲ ਸੰਬੰਧ ਰੱਖਦੀਆਂ ਹਨ।**

ਤਾਜ਼ੇ ਫਲਾਂ ਅਤੇ ਸਬਜ਼ੀਆਂ ਦਾ ਵਪਾਰ ਕਰਨ (ਮਤਲਬ ਕਿ ਖਰੀਦਣ, ਵੇਚਣ, ਆਯਾਤ ਕਰਨ, ਨਿਰਯਾਤ ਕਰਨ) ਲਈ DRC ਵਿੱਚ ਮੈਂਬਰਸ਼ਿਪ ਦੀ ਲੋੜ ਹੈ, ਜਦ ਤੱਕ ਕਿ ਪ੍ਰਸਤਾਵਿਤ ਅਧਿਨਿਯਮਾਂ ਦੇ ਅਨੁਸਾਰ ਇਸ ਤੋਂ ਛੋਟ ਨਹੀਂ ਦਿੱਤੀ ਗਈ ਹੈ। ਪ੍ਰਸਤਾਵਿਤ ਨਵੇਂ ਅਧਿਨਿਯਮਾਂ ਦੇ ਨਤੀਜੇ ਵਜੋਂ ਤਾਜ਼ੇ ਫਲਾਂ ਅਤੇ ਸਬਜ਼ੀਆਂ ਦੇ ਉਹਨਾਂ ਕੁਝ ਖਰੀਦਦਾਰਾਂ ਅਤੇ ਵਿਕ੍ਰੇਤਾਵਾਂ ਲਈ DRC ਦੀ ਮੈਂਬਰਸ਼ਿਪ ਲਾਜ਼ਮੀ ਬਣ ਜਾਵੇਗੀ ਜੋ ਪਹਿਲਾਂ CFIA *ਲਾਇਸੈਂਸਿੰਗ ਅਤੇ ਸਾਲਸੀ ਅਧਿਨਿਯਮਾਂ* (Licensing and Arbitration Regulations) ਦੀਆਂ ਲੋੜਾਂ ਦੇ ਅਧੀਨ ਨਹੀਂ ਆਉਂਦੇ ਸਨ।

**DRC ਬਾਰੇ**

ਕੇਨੇਡਾ ਦੇ ਭੋਜਨ ਅਤੇ ਸਬਜ਼ੀ ਸੰਬੰਧੀ ਵਿਵਾਦ ਨਿਪਟਾਰਾ ਕਾਰਪੋਰੇਸ਼ਨ (DRC) ਨੂੰ ਫਰਵਰੀ 2000 ਵਿੱਚ NAFTA ਦੀ ਧਾਰਾ 707 ਦੇ ਅਨੁਸਾਰ ਸਥਾਪਿਤ ਕੀਤਾ ਗਿਆ ਸੀ, ਜਿਸ ਨੇ ਖੇਤੀਬਾੜੀ ਦੇ ਉਤਪਾਦਾਂ ਦੇ ਵਪਾਰ ਲਈ ਇੱਕ ਨਿੱਜੀ ਵਪਾਰਕ ਵਿਵਾਦ ਨਿਪਟਾਰਾ ਇਕਾਈ ਬਣਾਏ ਜਾਣ ਦੀ ਵਿਵਸਥਾ ਕੀਤੀ।

ਅੱਜ, DRC ਵਿੱਚ ਕੈਨੇਡਾ, ਯੂਨਾਇਟੇਡ ਸਟੇਟਸ, ਮੈਕਸੀਕੋ ਅਤੇ ਕਈ ਹੋਰ ਦੇਸ਼ਾਂ ਤੋਂ ਮੈਂਬਰ ਹਨ।

**ਪ੍ਰਸਤਾਵਿਤ ਅਧਿਨਿਯਮ ਕੀ ਹਨ: ਡਿਵੀਜ਼ਨ 2 – ਤਾਜ਼ੇ ਫਲਾਂ ਅਤੇ ਸਬਜ਼ੀਆਂ ਦਾ ਵਪਾਰ?**

### ਪ੍ਰਤਿਬੰਧ:

**26(1) ਕਿਸੇ ਵਿਅਕਤੀ ਦੁਆਰਾ ਇਹ ਕਰਨ ਦੀ ਮਨਾਹੀ ਹੈ:**

(a) ਕਿਸੇ ਵੀ ਅਜਿਹੇ ਤਾਜ਼ੇ ਫਲ ਜਾਂ ਸਬਜ਼ੀ ਨੂੰ **ਕਿਸੇ ਹੋਰ ਵਿਅਕਤੀ ਦੀ ਤਰਫ਼ੋਂ ਵੇਚਣਾ ਜਾਂ ਵੇਚਣ ਲਈ ਸੌਦੇਬਾਜ਼ੀ ਕਰਨੀ** ਜਿਸ ਦਾ ਨਿਰਯਾਤ ਕੀਤਾ ਜਾਣਾ ਹੈ ਜਾਂ **ਇੱਕ ਸੂਬੇ ਤੋਂ ਦੂਜੇ ਸੂਬੇ ਵਿੱਚ** ਭੇਜਿਆ ਜਾਂ ਪਹੁੰਚਾਇਆ ਜਾਣਾ ਹੈ;

(b) ਕਿਸੇ ਵੀ ਅਜਿਹੇ ਤਾਜ਼ੇ ਫਲ ਜਾਂ ਸਬਜ਼ੀ ਨੂੰ **ਕਿਸੇ ਹੋਰ ਵਿਅਕਤੀ ਦੀ ਤਰਫ਼ੋਂ ਖਰੀਦਣਾ ਜਾਂ ਖਰੀਦਣ ਲਈ ਸੌਦੇਬਾਜ਼ੀ ਕਰਨੀ** ਜਿਸ ਦਾ ਆਯਾਤ ਕੀਤਾ ਜਾਣਾ ਹੈ ਜਾਂ ਇੱਕ ਸੂਬੇ ਤੋਂ ਦੂਜੇ ਸੂਬੇ ਵਿੱਚ ਭੇਜਿਆ ਜਾਂ ਪਹੁੰਚਾਇਆ ਜਾਣਾ ਹੈ;

(c) ਕਿਸੇ ਵੀ ਅਜਿਹੇ ਤਾਜ਼ੇ ਫਲ ਜਾਂ ਸਬਜ਼ੀ ਨੂੰ **ਪ੍ਰਾਪਤ ਕਰਨਾ ਜਾਂ ਹੋਰ ਵਿਅਕਤੀ ਦੀ ਤਰਫ਼ੋਂ ਪ੍ਰਾਪਤ ਕਰਨਾ** ਜਿਸ ਦਾ ਨਿਰਯਾਤ ਕੀਤਾ ਗਿਆ ਹੈ ਜਾਂ **ਇੱਕ ਸੂਬੇ ਤੋਂ ਦੂਜੇ ਸੂਬੇ ਵਿੱਚ** ਭੇਜਿਆ ਜਾਂ ਪਹੁੰਚਾਇਆ ਗਿਆ ਹੈ; ਜਾਂ

(d) ਕਿਸੇ ਵੀ ਤਾਜ਼ੇ ਫਲਾਂ ਜਾਂ ਸਬਜ਼ੀਆਂ ਨੂੰ **ਇੱਕ ਸੂਬੇ ਤੋਂ ਦੂਜੇ ਸੂਬੇ ਵਿੱਚ ਭੇਜਣਾ ਜਾਂ ਪਹੁੰਚਾਉਣਾ ਜਾਂ ਆਯਾਤ ਜਾਂ ਨਿਰਯਾਤ ਕਰਨਾ।**

### ਛੋਟ – ਵਿਅਕਤੀ *

**(2) ਉਪਖੰਡ (1) ਇਹਨਾਂ 'ਤੇ ਲਾਗੂ ਨਹੀਂ ਹੁੰਦਾ ਹੈ:**

(a) ਕੋਈ ਵਿਅਕਤੀ ਜੋ **ਭੋਜਨ ਅਤੇ ਸਬਜ਼ੀ ਸੰਬੰਧੀ ਵਿਵਾਦ ਨਿਪਟਾਰਾ ਕਾਰਪੋਰੇਸ਼ਨ (DRC) ਦਾ ਜਾਇਜ਼ ਸਥਿਤੀ ਵਿੱਚ ਮੈਂਬਰ ਹੈ**, *ਜੋ ਕਿ ਕੈਨੇਡਾ ਦੇ ਗੈਰ-ਮੁਨਾਫ਼ਾ ਕਾਰਪੋਰੇਸ਼ਨ ਕਾਨੂੰਨ* (Canada not-for-profit Corporations Act) ਦੇ ਭਾਗ 2 ਦੇ ਤਹਿਤ ਨਿਗਮਿਤ ਕਾਰਪੋਰੇਸ਼ਨ ਹੈ, ਜਿਵੇਂ ਕਿ ਇਸਦੇ ਉਪ-ਕਾਨੂੰਨਾਂ ਵਿੱਚ ਵਰਣਨ ਕੀਤਾ ਗਿਆ ਹੈ;

(b) ਕੋਈ ਵਿਅਕਤੀ ਜੋ ਤਾਜ਼ੇ ਫਲ ਜਾਂ ਸਬਜ਼ੀਆਂ ਸਿਰਫ ਸਿੱਧਾ ਉਪਭੋਗਤਾਵਾਂ ਨੂੰ **ਵੇਚਦਾ ਹੈ** ਜੇ ਉਸ ਵਿਅਕਤੀ ਨੇ **ਉਹਨਾਂ ਤਾਜ਼ੇ ਫਲਾਂ ਅਤੇ ਸਬਜ਼ੀਆਂ ਲਈ $100,000 ਤੋਂ ਘੱਟ ਦਾ ਭੁਗਤਾਨ ਕੀਤਾ ਹੈ ਜੋ ਉਸ ਨੇ ਪਿਛਲੇ 12 ਮਹੀਨਿਆਂ ਦੇ ਅੰਦਰ ਉਪਭੋਗਤਾਵਾਂ ਨੂੰ ਵੇਚੀਆਂ ਹਨ**;

(c) ਕੋਈ ਵਿਅਕਤੀ ਜੋ **ਇੱਕ ਮੀਟ੍ਰਿਕ ਟਨ (2 205 ਪੌਂਡ) ਤੋਂ ਘੱਟ ਦੇ ਤਾਜ਼ੇ ਫਲਾਂ ਜਾਂ ਸਬਜ਼ੀਆਂ ਨੂੰਕਿਸੇ ਹੋਰ ਵਿਅਕਤੀ ਦੀ ਤਰਫ਼ੋਂ ਸਿਰਫ ਖਰੀਦਦਾ, ਵੇਚਦਾ ਜਾਂ ਖਰੀਦਣ ਜਾਂ ਵੇਚਣ ਲਈ ਸੌਦੇਬਾਜ਼ੀ ਕਰਦਾ ਹੈ**, ਇੱਕ ਸੂਬੇ ਤੋਂ ਦੂਜੇ ਸੂਬੇ ਵਿੱਚ ਭੇਜਦਾ ਜਾਂ ਪਹੁੰਚਾਉਂਦਾ ਹੈ ਜਾਂ ਆਯਾਤ ਜਾਂ ਨਿਰਯਾਤ ਕਰਦਾ ਹੈ;

(d) ਕੋਈ ਵਿਅਕਤੀ ਜੋ **ਸਿਰਫ ਉਹਨਾਂ ਤਾਜ਼ੇ ਫਲਾਂ ਅਤੇ ਸਬਜ਼ੀਆਂ ਨੂੰ ਵੇਚਦਾ ਹੈ ਜੋ ਉਸ ਨੇ ਖੁਦ ਉਗਾਏ ਹਨ**; ਜਾਂ

(e) ਕੋਈ ਸੰਗਠਨ ਜੋ ਇੱਕ ***ਰਜਿਸਟਰਡ ਚੈਰਿਟੀ ਹੈ*** ਜਿਵੇਂ ਕਿ *ਇਨਕਮ ਟੈਕਸ ਕਾਨੂੰਨ* (Income Tax Act) ਦੇ ਉਪਖੰਡ 248(1) ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ ਜਾਂ ਕੋਈ ਕਲੱਬ, ਸੋਸਾਇਟੀ ਜਾਂ ਐਸੋਸਿਏਸ਼ਨ ਹੈ ਜਿਵੇਂ ਕਿ ਉਸ ਕਾਨੂੰਨ ਦੇ ਪੈਰਾ 149(1)(1) ਵਿੱਚ ਪਰਿਭਾਸ਼ਿਤ ਕੀਤਾ ਗਿਆ ਹੈ।

---

* ਵਿਅਕਤੀ ਕੋਈ ਇਕੱਲਾ ਵਿਅਕਤੀ ਜਾਂ ਸੰਗਠਨ ਹੋ ਸਕਦਾ ਹੈ - ਜਿਸ ਵਿੱਚ ਐਸੋਸਿਏਸ਼ਨ, ਕੰਪਨੀ ਅਤੇ ਕਾਰਪੋਰੇਸ਼ਨ ਸ਼ਾਮਲ ਹਨ; ਹੋਰ ਮਾਨਤਾ ਪ੍ਰਾਪਤ ਕਾਨੂੰਨੀ ਇਕਾਈਆਂ ਸ਼ਾਮਲ ਹਨ ਜਿਵੇਂ ਕਿ LLC, ਭਾਈਵਾਲੀ, ਆਦਿ।

**ਕੈਨੇਡਾ ਵਾਸੀਆਂ ਲਈ ਸੁਰੱਖਿਅਤ ਭੋਜਨ ਅਧਿਨਿਯਮ (SFCR) ਵਿਚ ਬਦਲਣਾ**

DRC ਦੇ ਮੈਂਬਰਾਂ ਲਈ, ਆਮ ਵਾਗ ਕੰਮ ਚੱਲਦਾ ਰਹੇਗਾ ਅਤੇ ਕੁਝ ਕਰਨ ਦੀ ਲੋੜ ਨਹੀਂ ਹੈ। ਪਰ, ਜੇ ਤੁਸੀਂ ਤਾਜ਼ੇ ਫਲਾਂ ਅਤੇ ਸਬਜ਼ੀਆਂ ਨੂੰ ਖਰੀਦਦੇ, ਵੇਚਦੇ, ਆਯਾਤ ਕਰਦੇ ਜਾਂ ਨਿਰਯਾਤ ਕਰਦੇ ਹੋ ਅਤੇ DRC ਦੇ ਮੈਂਬਰ ਨਹੀਂ ਹੋ, ਤਾ ਇਹ ਨਿਰਧਾਰਤ ਕਰਨਾ ਮਹੱਤਵਪੂਰਨ ਹੈ ਕਿ ਕੀ ਤੁਹਾਨੂੰ DRC ਦੀ ਮੈਂਬਰਸ਼ਿਪ ਦੀ ਲੋੜ ਹੈ।

| ਮੈਨੂੰ ਕੀ ਕਰਨ ਦੀ ਲੋੜ ਹੈ? | ਕੋਈ ਕਾਰਵਾਈ ਨਹੀਂ | ਕਾਰਵਾਈ ਕਰਨ ਦੀ ਲੋੜ |
|---|---|---|
| • ਮੇਰੇ ਕੋਲ DRC ਦੀ ਮੈਂਬਰਸ਼ਿਪ ਹੈ | ✓ | |
| • ਮੇਰੇ ਕੋਲ DRC ਮੈਂਬਰਸ਼ਿਪ ਨਹੀਂ ਹੈ ਅਤੇ ਮੈਨੂੰ ਛੋਟ ਹੈ | ✓ | |
| • ਮੇਰੇ ਕੋਲ DRC ਮੈਂਬਰਸ਼ਿਪ ਨਹੀਂ ਹੈ ਅਤੇ, ਮੇਰੇ ਕੋਲ ਛੋਟ ਨਹੀਂ ਹੈ | | SFCR ਦੇ ਲਾਗੂ ਹੋਣ ਤੋਂ ਪਹਿਲਾਂ DRC ਮੈਂਬਰਸ਼ਿਪ ਲੈਣ ਦੀ ਤਿਆਰੀ ਕਰੋ। |
| • ਮੇਰੇ ਕੋਲ DRC ਮੈਂਬਰਸ਼ਿਪ ਨਹੀਂ ਹੈ, ਅਤੇ ਮੈਨੂੰ ਪੱਕਾ ਪਤਾ ਨਹੀਂ ਹੈ ਕਿ ਕੀ ਮੈਨੂੰ ਛੋਟ ਹੈ | | ਸਹਾਇਤਾ ਲਈ DRC ਮਦਦ ਡੈਸਕ ਨਾਲ ਸੰਪਰਕ ਕਰੋ। ਜੇ ਇਹ ਨਿਰਧਾਰਤ ਕੀਤਾ ਜਾਂਦਾ ਹੈ ਕਿ ਤੁਸੀਂ ਇਸ ਲੋੜ ਦੇ ਅਧੀਨ ਆਉਂਦੇ ਹੋ, ਤਾਂ ਤੁਹਾਨੂੰ SFCR ਦੇ ਲਾਗੂ ਹੋਣ ਤੋਂ ਪਹਿਲਾਂ DRC ਮੈਂਬਰਸ਼ਿਪ ਲੈਣ ਦੀ ਤਿਆਰੀ ਕਰਨੀ ਪਵੇਗੀ। |

ਇਹ ਨਿਰਧਾਰਤ ਕਰਨ ਵਿੱਚ ਮਦਦ ਲਈ ਕਿ ਪ੍ਰਸਤਾਵਿਤ ਨਵੀਂ ਨਿਯਾਮਕ ਲੋੜ ਦੀ ਪਾਲਣਾ ਕਰਨ ਲਈ DRC ਮੈਂਬਰਸ਼ਿਪ ਦੀ ਲੋੜ ਹੈ ਜਾਂ ਨਹੀਂ, DRC ਨੇ ਸਵੈ-ਮੁਲਾਂਕਣ ਸਾਧਨਾਂ ਦੀ ਇੱਕ ਲੜੀ ਤਿਆਰ ਕੀਤੀ ਹੈ:

- DRC SFCR ਆਊਟਰੀਚ ਬੈਕਗ੍ਰਾਉਂਡਰ
- ਕਾਸ਼ਤਕਾਰ, ਸ਼ਿਪਰ, ਪੈਕਰ
- ਏਜੰਟ, ਕਾਸ਼ਤਕਾਰ ਦਾ ਏਜੰਟ, ਬ੍ਰੋਕਰ
- ਰਿਟੇਲ, ਭੋਜਨ ਸੇਵਾ ਅਤੇ ਰੈਸਟੋਰੈਂਟ
- ਫਾਰਮ ਮਾਰਕੀਟਾਂ ਅਤੇ ਸਿੱਧਾ ਉਪਭੋਗਤਾਵਾਂ ਨੂੰ
- ਹੋਲਸੇਲਰ ਅਤੇ ਡਿਸਟ੍ਰਿਬਿਊਟਰ

ਟੀਚਾ ਇਹ ਯਕੀਨੀ ਬਣਾਉਣਾ ਹੈ ਕਿ *ਕੈਨੇਡਾ ਵਾਸੀਆਂ ਲਈ ਸੁਰੱਖਿਅਤ ਭੋਜਨ ਅਧਿਨਿਯਮਾਂ (SFCR)* ਦੇ ਵਿੱਚ ਨਿਰ-ਵਿਘਨ ਤਬਦੀਲ ਹੋਇਆ ਜਾ ਸਕੇ। DRC ਟੀਮ ਦੇ ਮੈਂਬਰ ਪੇਸ਼ਕਾਰੀਆਂ ਦੇਣ ਲਈ ਦੇਸ਼ ਭਰ ਵਿੱਚ ਪ੍ਰੋਗਰਾਮਾਂ ਵਿੱਚ ਹਾਜ਼ਰ ਹੋਣ ਲਈ ਉਪਲਬਧ ਹਨ। ਜਾਣਕਾਰੀ ਮੁਹੱਈਆ ਕਰਨ ਅਤੇ ਤੁਹਾਡੀ ਸਹਾਇਤਾ ਕਰਨ ਲਈ DRC ਮਦਦ ਡੈਸਕ ਵੀ ਉਪਲਬਧ ਹੈ।

## DRC ਟੀਮ



**ਪਿੱਛੇ** (ਖੱਬੇ ਤੋਂ ਸੱਜੇ)
ਐਂਡ੍ਰਿਆ ਬੇਰਨੀਅਰ (Andrea Bernier)
ਲਕ ਮਾਉਜਿਓਟ (Luc Mougeot)
ਫ੍ਰੈਡ ਵੈੱਬਰ (Fred Webber)
ਪੌਲਾ ਗੋਨਜ਼ੈਲੇਜ਼ (Paola Gonzalez)

**ਅੱਗੇ** (ਖੱਬੇ ਤੋਂ ਸੱਜੇ)
ਇਰਿਨਾ ਰੋਮਾਨੇਨਕੋ (Iryna Romanenko)
ਡਾਨ ਹੱਗਸ (Dawn Hughes)

**ਗੈਰ-ਹਾਜ਼ਰ**
ਐਰਿਡਨਾ ਸਾਂਚੇਜ (Ariadna Sánchez)

DRC ਟੀਮ ਦੇ ਮੈਂਬਰ ਖੁਸ਼ੀ ਨਾਲ ਅੰਗ੍ਰੇਜ਼ੀ, ਫ੍ਰੈਂਚ ਅਤੇ ਸਪੈਨਿਸ਼ ਵਿੱਚ ਸੇਵਾਵਾਂ ਮੁਹੱਈਆ ਕਰਦੇ ਹਨ

## ਮਦਦ ਡੈਸਕ


613 234 0982
info@fvdrc.com
613-234-8036
fvdrc.com

Building 75
Central Experimental Farm
960 Carling Avenue
Ottawa, ON K1A 0C6
Canada

**ਮਹੱਤਵਪੂਰਨ ਨੋਟ**:
DRC ਦੀ ਮੈਂਬਰਸ਼ਿਪ CFIA ਭੋਜਨ ਸੁਰੱਖਿਆ ਲਾਇਸੈਂਸ ਲਈ ਨਿਯਾਮਕ ਲੋੜ ਨੂੰ ਪੂਰਾ ਨਹੀਂ ਕਰਦੀ ਹੈ ਜਿਵੇਂ ਕਿ ਪ੍ਰਸਤਾਵਿਤ ਕੈਨੇਡਾ ਵਾਸੀਆਂ ਲਈ ਸੁਰੱਖਿਅਤ ਭੋਜਨ ਅਧਿਨਿਯਮ (SFCR) ਵਿੱਚ ਲੋੜੀਂਦਾ ਹੈ। ਕੰਮਕਾਜ ਦੀ ਪ੍ਰਕਿਰਤੀ 'ਤੇ ਨਿਰਭਰ ਕਰਦੇ ਹੋਏ, DRC ਮੈਂਬਰਸ਼ਿਪ ਅਤੇ CFIA ਭੋਜਨ ਸੁਰੱਖਿਆ ਲਾਇਸੈਂਸ, ਦੋਵਾਂ ਦੀ ਲੋੜ ਹੋ ਸਕਦੀ ਹੈ।

**ਭੋਜਨ ਦੀ ਸੁਰੱਖਿਆ ਅਤੇ ਪਤਾ ਲਗਾਉਣ ਦੀ ਯੋਗਤਾ (ਟ੍ਰੇਸੇਬਿਲਿਟੀ) ਨਾਲ ਸੰਬੰਧਿਤ ਪ੍ਰਸ਼ਨ ਇਹਨਾਂ ਕੋਲ ਭੇਜੇ ਜਾਣੇ ਚਾਹੀਦੇ ਹਨ:**


**ਕੈਨੇਡਾ ਦੀ ਭੋਜਨ ਦੀ ਜਾਂਚ-ਪੜਤਾਲ ਕਰਨ ਵਾਲੀ ਏਜੰਸੀ (CFIA)**
(ਕੈਨੇਡਾ ਵਾਸੀਆਂ ਲਈ ਸੁਰੱਖਿਅਤ ਭੋਜਨ ਅਤੇ ਕੈਨੇਡਾ ਵਾਸੀਆਂ ਲਈ ਸੁਰੱਖਿਅਤ ਭੋਜਨ ਅਧਿਨਿਯਮ)
www.inspection.gc.ca

**CanadaGAP**® ਭੋਜਨ ਸੁਰੱਖਿਆ ਪ੍ਰੋਗਰਾਮ (Food Safety Program)
✉ info@canadagap.ca
☎ (613) 829-4722
www.canadagap.ca



This project has been funded through the Assurance Systems stream of the AgriMarketing program under Growing Forward 2, a federal-provincial-territorial initiative.

Ce projet est financé sous le volet Systèmes d’assurance du programme Agri-marketing de Cultivons l’avenir 2, une initiative fédérale-provinciale-territoriale.